## ਮਹਲਾ ੫ ਗਾਥਾ

## ੴ ਸਤਿ ਗੁਰ ਪ੍ਰਸਾਦਿ ॥

ਇਹ ਪਦੇ ਗੁਰੂ ਗ੍ਰੰਥ ਸਾਹਿਬ ਵਿਚ 'ਗਾਥਾ' ਨਾਂ ਦੀ ਬਾਣੀ ਵਿਚ ਅੰਕਤ ਹਨ ਜੋ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਉਚਾਰਣ ਕੀਤੀ ਹੋਈ ਹੈ ਅਤੇ ਪੰਨਾ ੧੩੬੦ ਤੇ ਸੁਭਾਇਮਾਨ ਹੈ। ਬਾਣੀ ਦੇ ਸਿਰਲੇਖ ਤੋਂ ਉਪਰੰਤ ਮੂਲ ਮੰਤਰ ਦਾ ਛੋਟਾ ਸਰੂਪ ਮੰਗਲਾਚਰਣ ਦੇ ਤੌਰ ਤੇ ਆਇਆ ਹੈ।

ਗਾਥਾ, ਇਕ ਭਾਖਾ (ਭਾਸ਼ਾ) ਜਾਂ ਬੋਲੀ ਦਾ ਨਾਉਂ ਹੈ, ਜੋ ਪੁਰਾਤਨ ਭਾਸ਼ਾਵਾਂ, ਜਿਵੇਂ ਪ੍ਰਾਕ੍ਰਿਤ, ਅਪਭ੍ਰੰਸ਼, ਪਾਲੀ ਆਦਿ ਵਿਚੋਂ ਇਕ ਹੈ। ਇਸ ਦੀ ਕੁਝ ਸ਼ਬਦਾਵਲੀ ਇਨ੍ਹਾਂ ਭਾਸ਼ਾਵਾਂ ਨਾਲ ਮੇਲ ਵੀ ਖਾਂਦੀ ਹੈ। ਬੁਧ ਧਰਮ ਦੇ ਕੁਝ ਗ੍ਰੰਥ ਇਸ ਭਾਸ਼ਾ ਵਿਚ ਹਨ। ਗਾਥਾ ਦਾ ਅਰਥ ਸਿਫ਼ਤ-ਸਲਾਹ ਵੀ ਹੈ। ਇਸ ਦਾ ਜ਼ਿਆਦਾ ਪ੍ਰਯੋਗ ਕਾਵਿਮਈ ਹੈ। ਜਰਤੁਸਤੀ (ਪਾਰਸੀ) ਧਰਮ ਦੇ ਬਾਨੀ, ਜਰਤੁਸਤ, Zarathustra ਦੇ ਧਰਮ ਗ੍ਰੰਥ ਅਵੇਸਤਾ ਵਿਚਲਾ ਕੁਝ ਹਿਸਾ, ਗਾਥਾ ਅਖਵਾਉਂਦਾ ਹੈ, ਜੋ ਮਹਾਤਮਾ ਜਰਤੁਸਤ ਦਾ ਉਚਾਰਣ ਕੀਤਾ ਮੰਨਿਆ ਜਾਂਦਾ ਹੈ। ਇਸ ਦੀ ਬੋਲੀ ਨੂੰ ਵੀ ਗਾਥਾ ਕਿਹਾ ਜਾਂਦਾ ਹੈ। ਗਾਥਾ ਨੂੰ ਵਿਸ਼ੇਸ਼ ਧਾਰਮਿਕ ਗਾਇਨ ਸ਼ੈਲੀ ਵੀ ਮੰਨਿਆਂ ਜਾਂਦਾ ਹੈ। ਇਹ ਅਤਿਅੰਤ ਗੂੜ੍ਹ, ਰਹੱਸਮਈ, ਡੂੰਘੀ ਅਤੇ ਸਮਝਣੀ ਔਖੀ ਵੀ ਹੁੰਦੀ ਹੈ। ਅਵੇਸਤਾ ਦੇ ਇਹ ਹਿਸੇ ਮੰਨੇ ਗਏ ਹਨ - ਗਾਥਾ, ਯਾਸਨਾ, ਯਾਸ਼ਟ, ਵੈਂਦੀਦਾਦ। ਇਨ੍ਹਾਂ ਵਿਚੋਂ ਗਾਥਾ ਸਭ ਤੋਂ ਪੁਰਾਤਨ, ਰਹੱਸਮਈ ਅਤੇ ਡੂੰਘੇ ਭਾਵ ਵਾਲੀ ਹੈ ਜੋ ਸਮਝਣੀ ਵੀ ਕਠਿਨ ਹੈ। 'ਗਾਥਾ' ਲਫ਼ਜ਼ ਦੀ ਵਰਤੋਂ ਵੀ ਇਸੇ ਪਰਿਪੇਖ ਵਿਚ ਕੀਤੀ ਜਾਂਦੀ ਹੈ।

ਪੰਚਮ ਪਾਤਸ਼ਾਹ ਨੇ ਵੀ 'ਗਾਥਾ' ਲਫ਼ਜ਼ ਉਪਰ ਦਸੇ ਭਾਵ ਵਿਚ ਹੀ ਵਰਤਿਆ ਹੈ ਅਤੇ ਨਾਲ ਹੀ ਇਹ ਹਾਮੀ ਵੀ ਭਰੀ ਹੈ ਕਿ ਇਹ ਗੂੜ੍ਹ ਹੁੰਦੀ ਹੈ, ਹਰ ਮਨੁਖ ਇਸ ਨੂੰ ਨਹੀਂ ਸਮਝ ਸਕਦਾ, ਜਿਵੇਂ ਪਾਤਸ਼ਾਹ ਦੇ ਬਚਨ ਹਨ - 'ਗਾਥਾ ਗੂੜ ਅਪਾਰੰ ਸਮਝਣੰ ਬਿਰਲਾ ਜਨਹ॥', ਪੰਨਾ ੧੩੬੦. ਗੁਰੂ ਗ੍ਰੰਥ ਸਾਹਿਬ ਵਿਚਲੀ 'ਗਾਥਾ' ਨਾਂ ਦੀ ਬਾਣੀ ਵਿਚ ੨੪ ਬੰਦ ਅੰਕਿਤ ਕੀਤੇ ਗਏ ਹਨ। ਵੈਸੇ ਪਾਤਸ਼ਾਹ ਨੇ 'ਗਾਥਾ' ਲਫ਼ਜ਼ ਨੂੰ '**ਪ੍ਰਭੂ ਦੀ ਸਿਫ਼ਤ ਸਲਾਹ**' ਦੇ ਅਰਥਾਂ ਵਿਚ ਹੀ ਵਰਤਿਆ ਹੈ। (ਸਿਰਫ਼ ਪਹਿਲੇ ੪ ਪਦਿਆਂ ਦੀ ਵਿਆਖਿਆ :)

ਕਰਪੂਰ ਪੁਹਪ ਸੁਗੰਧਾ ਪਰਸ ਮਾਨੁਖ੍ ਦੇਹੰ ਮਲੀਣੰ ॥
ਮਜਾ ਰੁਧਿਰ ਦ੍ਰੁਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ ॥੧॥

**ਕਰਪੂਰ-ਮੁਸ਼ਕ ਕਪੂਰ; ਪੁਹਪ-ਫੂਲ; ਪਰਸ-ਛੋਹ; ਮਲੀਣੰ-ਮੈਲੇ, ਗੰਦੇ;**
**ਮਜਾ-ਮਿਝ; ਰੁਧਿਰ-ਲਹੂ; ਅਥਿ-ਬਾਵਜੂਦ**

**ਵਿਆਖਿਆ :** ਮੁਸ਼ਕ ਕਪੂਰ ਅਤੇ ਫੁਲਾਂ ਵਰਗੀਆਂ ਸੁਗੰਧੀਆਂ ਵੀ ਮਨੁਖਾ ਸਰੀਰ ਨਾਲ ਲਗ ਕੇ ਮਲੀਣ ਹੋ ਜਾਂਦੀਆਂ ਹਨ, ਭਾਵ, ਹੌਲੀ ਹੌਲੀ ਆਪਣਾ ਅਸਰ ਖ਼ਤਮ ਕਰ ਬੈਠਦੀਆਂ ਹਨ।

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਜਿਤਨੀਆਂ ਮਰਜ਼ੀ ਤਨ ਨੂੰ ਸੁਗੰਧੀਆਂ ਲਗਾਈ ਜਾਈਏ, ਇਕ ਤਿਲ ਸਮਾਨ ਵੀ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ - 'ਅਨਿਕ ਸੁਗੰਧਤ ਤਨ ਮਹਿ ਲਾਵਉ॥ ਓਹੁ ਸੁਖੁ ਤਿਲੁ ਸਮਾਨਿ ਨਹੀ ਪਾਵਉ॥', ਪੰਨਾ ੩੭੩. ਹੋਰ ਫ਼ੁਰਮਾਣ ਕਰਦੇ ਹਨ ਕਿ ਸਰੀਰ ਨੂੰ ਸੁਗੰਧੀਆਂ ਲਗਾਏ ਜਾਣ ਦਾ ਕੀ ਲਾਭ, ਜੇ ਅੰਦਰ ਤਾਂ ਚੰਡਾਲ ਕਰੋਧ ਵਰਗੇ ਚੰਡਾਲ ਆਦਿ ਵਿਕਾਰਾਂ ਦੀ ਗੰਦਗੀ ਭਰੀ ਪਈ ਹੈ - 'ਚੋਆ ਚੰਦਨ

ਸੁਗੰਧ ਬਿਸਥਾਰ॥ ਸੰਗੀ ਖੋਟਾ ਕ੍ਰੋਧੁ ਚੰਡਾਲ॥', ਪੰਨਾ ੩੭੪. ਅਸਲ ਗਲ ਦਸਦੇ ਹਨ ਕਿ ਸੋਹਣੇ ਕਪੜੇ, ਸੁਆਦ ਭਰਪੂਰ ਭੋਗ, ਜਿਤਨੀਆਂ ਮਰਜ਼ੀ ਸੁਗੰਧੀਆਂ, ਵਟਣੇ ਆਦਿ ਦਾ ਇਸਤੇਮਾਲ ਕਰੀਏ, ਸਿਮਰਨ ਤੋਂ ਬਿਨਾਂ ਤਨ ਤੇ ਸੁਆਹ ਮਲਣ ਦੇ ਤੁਲ ਹੈ, ਅਖੀਰ ਤਾਂ ਹਰ ਹਾਲ ਵਿਚ, ਇਸ ਸਰੀਰ ਨੇ ਨਾਸ ਹੋਣਾ ਹੀ ਹੈ - 'ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ॥ ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ॥', ਪੰਨਾ ੩੯੮. ਸਰੀਰ, ਮਿਟੀ ਹੋਣ ਕਰ ਕੇ, ਕਚੀ ਕੰਧ ਵਾਂਙ, ਜਿਤਨਾ ਮਰਜ਼ੀ ਧੋ ਲਈਏ, ਸ਼ੁਧ ਨਹੀਂ ਹੁੰਦਾ - 'ਜਲਿ ਧੋਵੈ ਬਹੁ ਦੇਹ ਅਨੀਤਿ॥ ਸੁਧ ਕਹਾ ਹੋਇ ਕਾਚੀ ਭੀਤਿ॥', ਪੰਨਾ ੨੬੫.

ਮਨੁਖਾ ਸਰੀਰ, ਮਿਝ, ਖ਼ੂਨ ਅਤੇ ਹੋਰ ਦੁਰਗੰਧੀਆਂ ਆਦਿ ਦਾ ਬਣਿਆ ਹੋਇਆ ਹੈ, ਪਰ, ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਇਸ ਸਭ ਦੇ ਬਾਵਜੂਦ, ਫ਼ਿਰ ਵੀ ਅਗਿਆਨੀ ਮਨੁਖ, ਇਸ ਸਰੀਰ ਦਾ ਮਾਣ ਕਰਦਾ ਹੈ।੧।

ਭਗਤ ਰਵਿਦਾਸ ਜੀ ਅਨੁਸਾਰ ਵੀ ਇਹ ਸਰੀਰ ਹਡੀਆਂ, ਮਾਸ, ਨਾੜੀਆਂ ਆਦਿ ਦਾ ਪਿੰਜਰਾ ਬਣਿਆ ਹੋਇਆ ਹੈ ਜਿਸ ਵਿਚ ਵਿਚਾਰਾ ਆਤਮਾ ਰੂਪ ਪੰਛੀ ਫ਼ਸਿਆ ਹੋਇਆ ਹੈ - 'ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ॥', ਪੰਨਾ ੬੫੯. ਅਗੋਂ, ਪਾਤਸ਼ਾਹ, ਤਰੀਕੇ ਨਾਲ ਇਸ ਸਰੀਰ ਦੇ ਮਾਣ ਦੀ ਥਾਂ, ਇਸ ਦੇ ਸਹੀ ਉਪਯੋਗ ਦੀ ਗਲ ਸਮਝਾ ਰਹੇ ਹਨ।

ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ ॥
ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯ੍ਤੇ ॥੨॥

**ਪਰਮਾਣੋ-ਪਰਮ ਅਣੂ ਜਿਤਨਾ ਸੂਖਮ; ਪਰਜੰਤ-ਅੰਤਮ ਹੱਦ; ਸਿਖੰਡਣਹ-ਸਿਖਰ; ਗਛੇਣ-ਗਮਨ ਕਰਨਾ; ਨੈਣ ਭਾਰੇਣ-ਅਖ ਫ਼ੁਰਕਣ ਜਿਤਨੇ ਸਮੇਂ ਵਿਚ; ਸਿਧ੍ਯ੍ਤੇ-ਜਨਮ ਸਫ਼ਲ**

**ਵਿਆਖਿਆ :** ਇਸੇ ਹੀ ਸਰੀਰ ਵਿਚ ਰਹਿ ਕੇ ਮਨੁਖ ਬੰਦਗੀ ਕਰ ਕੇ ਅਨੇਕ ਤਰ੍ਹਾਂ ਦੀਆਂ ਸਿਧੀਆਂ ਵੀ ਹਾਸਲ ਕਰ ਸਕਦਾ ਹੈ। ਪਰ ਮਹਾਰਾਜ ਦਾ ਫ਼ੁਰਮਾਣ ਹੈ ਕਿ ਭਾਵੇਂ ਮਨੁਖ ਇੰਞ ਬੰਦਗੀ ਕਰ ਕੇ ਜਾਂ ਹੋਰ ਕਿਵੇਂ ਵੀ, ਇਤਨੀ ਤਾਕਤ ਵੀ ਹਾਸਲ ਕਰ ਲਵੇ ਕਿ ਪਰਮ ਅਣੂ, ਭਾਵ, ਐਟਮ ਜਿਤਨਾ ਸੂਖਮ ਬਣ ਕੇ ਅਕਾਸ, ਜਾਂ space ਦੇ ਆਖਰੀ ਬੰਨੇ ਤਕ ਦੀਆਂ ਧਰਤੀਆਂ, ਦੀਪਾਂ, ਲੋਕਾਂ, ਪਹਾੜਾਂ ਆਦਿ ਤਕ, ਅੱਖ ਫ਼ੁਰਕ ਦੇ ਸਮੇਂ ਵਿਚ, ਜਾ ਆਵੇ, ਤਾਂ ਵੀ ਸਾਧੂ ਦੀ ਸੰਗਤਿ ਕੀਤੇ ਬਿਨਾਂ ਅਤੇ ਉਸਦੀ ਕਿਰਪਾ ਬਿਨਾਂ ਇਹ ਮਨੁਖਾ ਜਨਮ ਸਿਧ ਨਹੀਂ ਹੁੰਦਾ, ਭਾਵ, ਸਫ਼ਲ ਨਹੀਂ ਹੁੰਦਾ।੨।

ਕਹਿਣ ਦਾ ਭਾਵ, ਮਨੁਖਾ ਜਨਮ ਸ਼ਕਤੀਆਂ ਦੀ ਪ੍ਰਾਪਤੀ ਲਈ ਨਹੀਂ ਬਲਕਿ ਸਾਧੂ ਦੀ ਸੰਗਤਿ ਕਰਕੇ ਅਤੇ ਨਾਮ ਜਪ ਕੇ ਅਕਾਲ ਪੁਰਖ ਵਿਚ ਲੀਨ ਹੋਣ ਲਈ ਪ੍ਰਾਪਤ ਹੁੰਦਾ ਹੈ। ਇਹ ਕੰਮ ਕਰਕੇ ਹੀ ਇਹ ਜਨਮ ਸਿਧ ਹੁੰਦਾ ਹੈ। ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਜੀਵ ਲੰਮੇ ਸਮੇਂ ਤੋਂ ਮਨੁਖਾ ਜਨਮ ਹਾਸਲ ਕਰਨਾ ਲੋਚਦਾ ਹੈ ਅਤੇ ਇਹ ਪ੍ਰਭੂ ਮਿਲਾਪ ਲਈ ਇਕ ਵਾਰੀ ਜਾਂ ਮੌਕੇ ਦੇ ਤੌਰ ਤੇ ਪ੍ਰਾਪਤ ਹੁੰਦਾ ਹੈ - 'ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥', ਪੰਨਾ ੧੭੬. ਮਹਾਰਾਜ ਨੇ ਸਪੱਸ਼ਟ ਫ਼ੁਰਮਾਣ ਕੀਤਾ ਹੈ ਕਿ ਮਨੁਖਾ ਜਨਮ ਪ੍ਰਭੂ ਨੂੰ ਮਿਲਣ ਲਈ ਇਕ ਮੌਕੇ ਵਾਂਙ ਮਿਲਿਆ ਹੈ ਅਤੇ ਇਸ ਲਈ ਸਾਧੂ ਦੀ ਸੰਗਤਿ ਕਰਦਿਆਂ ਹੋਇਆਂ ਨਾਮ ਜਪਣਾ ਹੀ ਮਨੁਖ ਲਈ ਅਸਲ ਕੰਮ ਹੈ - 'ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥ ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥', ਪੰਨਾ ੧੨. ਫ਼ਿਰ 'ਸੋਹਿਲਾ' ਬਾਣੀ ਵਿਚ ਵੀ ਇਹੀ ਸਮਝਾਇਆ ਹੈ ਕਿ ਇਹ ਜਨਮ ਗੁਰੂ ਸੰਤ ਦੀ ਟਹਿਲ ਕਮਾਉਣ ਲਈ ਮਿਲਿਆ ਹੈ - 'ਸੰਤ ਟਹਲ ਕੀ ਬੇਲਾ' (ਬੇਲਾ, ਭਾਵ, ਵੇਲਾ ਜਾਂ ਮਨੁਖਾ ਜਨਮ ਵਾਲਾ ਮੌਕਾ)।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਜਿਨ੍ਹਾਂ ਨੇ ਸਾਧ ਜਨਾਂ ਦੇ ਚਰਨ ਪਰਸੇ ਹਨ

ਉਨ੍ਹਾਂ ਦਾ ਹੀ ਜੀਵਨ ਸਫ਼ਲ ਹੋਇਆ ਹੈ - 'ਜਿਨ ਸਾਧੂ ਚਰਣ ਸਾਧ ਪਗ ਸੇਵੇ ਤਿਨ ਸਫਲਿਓ ਜਨਮੁ ਸਨਾਥਾ॥' ਪਰ ਇਸ ਤੋਂ ਉਲਟ, ਹੋਰ ਜੋ ਮਰਜ਼ੀ ਕਮਾਇਆ ਹੋਵੇ, ਜੇ ਸਾਧੂ ਦੇ ਚਰਣ ਨਹੀਂ ਪਰਸੇ ਤਾਂ ਮਨੁਖਾ ਜੀਵਨ ਵਿਅਰਥ ਗਿਆ - 'ਤਿਨ ਸਾਧੂ ਚਰਣ ਨ ਸੇਵੈ ਕਬਹੂ ਤਿਨ ਸਭੁ ਜਨਮੁ ਅਕਾਥਾ॥', ਪੰਨਾ ੬੯੬. ਕਿਉਂਕਿ, ਜਿਨ੍ਹਾਂ ਦਾ ਸਾਧੂ ਦੇ ਨਾਲ ਅਸਲ ਮਿਲਾਪ ਹੋ ਜਾਂਦਾ ਹੈ ਉਹ ਪਰਮਾਤਮਾ ਦੀ ਦਰਗਾਹ ਵਿਚ ਸੁਰਖਰੂ ਅਪੜਦੇ ਹਨ, ਭਾਵ, ਉਨ੍ਹਾਂ ਦਾ ਕੋਈ ਲੇਖਾ ਜੋਖਾ ਨਹੀਂ ਹੁੰਦਾ। ਪੰਜਵੇਂ ਨਾਨਕ ਦੇ ਬਚਨ ਹਨ - 'ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥', ਪੰਨਾ ੧੩੪.

**ਜਾਣੋ ਸਤਿ ਹੋਵੰਤੋ ਮਰਣੋ ਦ੍ਰਿਸਟੇਣ ਮਿਥਿਆ ॥**
**ਕੀਰਤਿ ਸਾਥਿ ਚਲੰਥੋ ਭਣੰਤਿ ਨਾਨਕ ਸਾਧ ਸੰਗੇਣ ॥੩॥**

**ਵਿਆਖਿਆ :** ਇਹ ਪੱਕਾ ਜਾਣ ਲਈਏ ਕਿ ਮਰਣਾ ਸਚ ਹੈ, ਭਾਵ ਅਟਲ ਹੈ ਅਤੇ ਜੋ ਦਿਸ ਰਿਹਾ ਹੈ ਉਹ ਸਭ ਕੁਝ ਚਲਣਹਾਰ ਹੈ।
ਨਾਲ ਚਲਣ ਵਾਲੀ ਚੀਜ਼ ਤਾਂ ਸਿਰਫ਼ ਸਿਮਰਣ ਹੈ, ਬਲਕਿ ਸਿਮਰਣ ਵੀ ਤਾਂ ਹੀ ਕੰਮ ਆਉਂਦਾ ਹੈ ਜੇ ਸਾਧੂ ਦੀ ਸ਼ਰਣ ਵਿਚ ਰਹਿ ਕੇ ਕੀਤਾ ਹੋਵੇ।੩।
ਪੰਜਵੇਂ ਪਾਤਸ਼ਾਹ ਦਾ ਹੁਕਮ ਹੈ ਕਿ ਇਹ ਸਤ ਕਰ ਕੇ ਜਾਣ ਲਉ ਕਿ ਮਾਲਕ ਪ੍ਰਭੂ ਸੰਤ ਜਨਾਂ ਤੋਂ ਬਾਹਰ ਨਹੀਂ, ਭਾਵ, ਜੋ ਸੰਤ ਜਨ ਬਚਨ ਕਰ ਦਿੰਦੇ ਹਨ, ਪ੍ਰਭੂ ਆਪਣੇ ਬਿਰਦ ਦੀ ਲਾਜ ਰਖਦਾ ਹੋਇਆ, ਉਨ੍ਹਾਂ ਦੇ ਬਚਨਾਂ ਨੂੰ ਸਿਰੇ ਚਾੜਦਾ ਹੈ - 'ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ॥', ਪੰਨਾ ੫੭੮. ਇਸੇ ਲਈ ਮਹਾਤਮਾ ਦੇ ਬਚਨਾਂ ਨਾਲ ਹੀ ਬੰਦ ਖ਼ਲਾਸੀ ਸੰਭਵ ਹੈ। ਉਸ ਦੇ ਬਚਨ ਅਤੇ ਆਪਣਾ ਕੀਤਾ ਸਿਮਰਨ ਹੀ ਸੰਗ ਚਲਦੇ ਹਨ, ਬਾਕੀ ਸਭ ਕੁਝ ਇਥੇ ਹੀ ਰਹਿ ਜਾਂਦਾ ਹੈ, ਸਭ ਕੁਝ ਬਿਨਸਨਹਾਰ ਹੈ।

**ਮਾਯਾ ਚਿਤ ਭਰਮੇਣ ਇਸਟ ਮਿਤ੍ਰੇਖੁ ਬਾਂਧਵਹ ॥**
**ਲਬਧੵੰ ਸਾਧ ਸੰਗੇਣ ਨਾਨਕ ਸੁਖ ਅਸਥਾਨੰ ਗੋਪਾਲ ਭਜਣੰ ॥੪॥**

**ਵਿਆਖਿਆ :** ਮਾਇਆ, ਮਨੁਖ ਨੂੰ, ਮਿਤਰਾਂ ਤੇ ਸੰਬੰਧੀਆਂ ਨਾਲ ਬੰਨ੍ਹ ਦਿੰਦੀ ਹੈ, ਇਹ ਬੰਧਨ ਹੈ। ਇਸੇ ਬੰਧਨ ਤੋਂ ਹੀ ਤਾਂ ਛੁਟਕਾਰਾ ਪਾਉਣ ਦੀ ਲੋੜ ਹੈ।
ਸ੍ਰੀ ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਮਾਇਆ ਕਰ ਕੇ ਮਨੁਖ ਬੰਧਨ ਵਿਚ ਪੈਂਦਾ ਹੈ। ਸਕੇ ਸੰਬੰਧੀਆਂ ਦਾ ਪ੍ਰੇਮ ਮਾਇਆ ਰੂਪ ਹੈ, ਜਿਸ ਕਰ ਕੇ ਮਨੁਖ ਨੂੰ ਬੰਧਨ ਹਨ। ਸਕੇ ਸੰਬੰਧੀ, ਭਾਵੇਂ ਮਾਤਾ ਪਿਤਾ ਹੋਣ, ਪੁਤਰ ਧੀ ਹੋਣ, ਪੁਤਰ ਜਾਂ ਆਪਣੀ ਇਸਤ੍ਰੀ ਹੋਵੇ, ਜਾਂ ਹੋਰ ਵੀ ਕੋਈ ਸੰਸਾਰਕ ਨਾਤੇਦਾਰੀ। ਇਥੋਂ ਤਕ ਕਿ ਆਪਣੇ ਕੀਤੇ ਹੋਏ ਧਰਮ ਕਰਮਾਂ ਦਾ ਮਾਣ ਵੀ ਮਾਇਆ ਰੂਪ ਹੈ - 'ਬੰਧਨ ਮਾਤ ਪਿਤਾ ਸੰਸਾਰਿ॥ ਬੰਧਨ ਸੁਤ ਕੰਨਿਆ ਅਰੁ ਨਾਰਿ॥ ਬੰਧਨ ਕਰਮ ਧਰਮ ਹਉ ਕੀਆ॥ ਬੰਧਨ ਪੁਤੁ ਕਲਤੁ ਮਨਿ ਬੀਆ॥', ਪੰਨਾ ੪੧੬. ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਇਸਤ੍ਰੀ ਆਦਿ ਨਾਤੇਦਾਰੀਆਂ, ਦੁਨਿਆਵੀ ਰੰਗ ਤਮਾਸੇ ਆਦਿ ਬਿਖ ਰੂਪ ਮਾਇਆ ਦੇ ਸ਼ੋਰ ਹਨ। ਉਸ ਪ੍ਰਭੂ ਦੀ ਸ਼ਰਣ ਪੈਣ ਦੀ ਲੋੜ ਹੈ ਜਿਸ ਨਾਲ ਮੈਂ ਤੇ ਮੇਰੀ, ਮਮਤਾ ਅਤੇ ਹਉਮੈ ਆਦਿ ਦੇ ਪੜਦੇ ਦੂਰ ਹੋ ਜਾਂਦੇ ਹਨ - 'ਰਾਚਿ ਰਹੇ ਬਨਿਤਾ ਬਿਨੋਦ ਕੁਸਮ ਰੰਗ ਬਿਖ ਸੋਰ॥ ਨਾਨਕ ਤਿਹ ਸਰਨੀ ਪਰਉ ਬਿਨਸ ਜਾਇ ਮੈ ਮੋਰ॥', ਪੰਨਾ ੨੫੧.
ਪੰਜਵੇਂ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਅਸਲ ਸੁਖ ਦਾ ਅਸਥਾਨ ਤਾਂ ਸਾਧੂ ਦੀ ਸੰਗਤਿ ਅਤੇ ਸਿਮਰਣ ਨਾਲ ਹੀ ਲਭਦਾ ਹੈ। ਭਾਵ ਇਹ ਸਾਧੂ ਦੀ ਸੰਗਤਿ ਤੇ ਸਿਮਰਣ, ਇਕਠੇ ਹੀ ਜ਼ਰੂਰੀ ਹਨ। (ਬੰਧਨ ਤੋਂ ਛੁਟਕਾਰਾ ਹੀ ਤਾਂ ਸੁਖ ਦਾ ਪੜਾਓ ਹੈ।)